## ਪਰਿਵਾਰਾਂ ਲਈ ਸੁਝਾਅ:

# ਘਰ ਵਿੱਚ ਭਾਸ਼ਾ ਅਤੇ ਪੜ੍ਹਨ ਦੇ ਹੁਨਰ ਨੂੰ ਕਿਵੇਂ ਬਣਾਇਆ ਜਾਵੇ

ਤੁਹਾਡਾ ਬੱਚਾ ਹਮੇਸ਼ਾ ਤੁਹਾਡੀ ਗੱਲ ਸੁਣਦਾ, ਦੇਖਦਾ ਅਤੇ ਉਸ ਤੋਂ ਸਿੱਖਦਾ ਰਹਿੰਦਾ ਹੈ! ਖੋਜ ਦਰਸਾਉਂਦੀ ਹੈ ਕਿ ਬੱਚੇ ਉਦੋਂ ਭਾਸ਼ਾ ਸਿੱਖਦੇ ਹਨ ਜਦੋਂ ਉਹ ਦੇਖਭਾਲ ਕਰਨ ਵਾਲੇ ਤੋਂ ਬਹੁਤ ਸਾਰੇ ਸ਼ਬਦ ਸੁਣਦੇ ਹਨ। ਇਹ ਉਨ੍ਹਾਂ ਨੂੰ ਸਕੂਲ ਸ਼ੁਰੂ ਕਰਨ 'ਤੇ ਪੜ੍ਹਨਾ ਸਿੱਖਣ ਵਿੱਚ ਮਦਦ ਕਰਦਾ ਹੈ। ਜਨਮ ਤੋਂ ਸ਼ੁਰੂ ਕਰਕੇ, ਗੱਲ ਕਰੋ, ਗਾਓ, ਅਤੇ ਆਪਣੇ ਬੱਚੇ ਨਾਲ ਕਿਤਾਬਾਂ ਸਾਂਝੀਆਂ ਕਰੋ। ਇਹ ਉਨ੍ਹਾਂ ਨੂੰ ਵੱਡੇ ਹੋ ਕੇ ਪਾਠਕ ਬਣਨ ਵਿੱਚ ਮਦਦ ਕਰੇਗਾ।

### ਆਪਣੇ ਬੱਚੇ ਦੀਆਂ ਆਵਾਜ਼ਾਂ, ਮੁਸਕਰਾਹਟਾਂ ਅਤੇ ਦਿਲਚਸਪੀਆਂ ਦਾ ਜਵਾਬ ਦਿਓ

**ਕਿਉਂ?** ਤੁਹਾਡੇ ਛੋਟੇ ਬੱਚੇ ਨਾਲ ਬੋਲੇ ਗਏ ਬਹੁਤ ਸਾਰੇ "ਅੱਗੇ-ਦੇ-ਪਿੱਛੇ" ਸ਼ਬਦ ਅਤੇ ਕਿਰਿਆਵਾਂ ਭਾਸ਼ਾ ਸਿੱਖਣ ਵਿੱਚ ਉਹਨਾਂ ਦੀ ਮਦਦ ਕਰਦੀਆਂ ਹਨ।

**ਕਿਸੇ ਬੱਚੇ ਦੇ ਨਾਲ ਇਸਨੂੰ ਅਜ਼ਮਾਓ:** ਗੱਲ ਕਰੋ, ਮੁਸਕਰਾਓ ਅਤੇ ਉਹਨਾਂ ਚੀਜ਼ਾਂ ਵੱਲ ਇਸ਼ਾਰਾ ਕਰੋ ਜੋ ਤੁਹਾਡਾ ਬੱਚਾ ਦੇਖ ਰਿਹਾ ਹੈ।
**ਉਦਾਹਰਨ ਦੇ ਤੌਰ 'ਤੇ:**
- ਬੱਚਾ ਰੋਸ਼ਨੀ ਵੱਲ ਦੇਖਦਾ ਹੈ।
- ਤੁਸੀਂ ਇਸ਼ਾਰਾ ਕਰਦੇ ਹੋ ਅਤੇ ਕਹਿੰਦੇ ਹੋ, "ਰੋਸ਼ਨੀ।"
- ਬੱਚਾ ਮੁਸਕਰਾਉਂਦਾ ਹੈ।
- ਤੁਸੀਂ ਮੁਸਕਰਾਉਂਦੇ ਹੋ ਅਤੇ ਕਹਿੰਦੇ ਹੋ, "ਇਹ ਇੱਕ ਚਮਕਦਾਰ ਰੋਸ਼ਨੀ ਹੈ!"

**ਇਸਨੂੰ ਇੱਕ ਛੋਟੇ ਬੱਚੇ ਜਾਂ ਪ੍ਰੀਸਕੂਲ ਦੇ ਬੱਚੇ ਨਾਲ ਅਜ਼ਮਾਓ:** ਦਿਲਚਸਪੀ ਦਿਖਾਓ ਅਤੇ ਇਸ ਬਾਰੇ ਗੱਲ ਕਰੋ ਕਿ ਤੁਹਾਡਾ ਬੱਚਾ ਕੀ ਕਰ ਰਿਹਾ ਹੈ।
**ਉਦਾਹਰਨ ਦੇ ਤੌਰ 'ਤੇ:**
- ਬੱਚਾ ਜ਼ਮੀਨ 'ਤੇ ਇੱਕ ਪੱਤਾ ਚੁੱਕਦਾ ਹੈ।
- ਤੁਸੀਂ ਮੁਸਕਰਾਉਂਦੇ ਹੋ ਅਤੇ ਕਹਿੰਦੇ ਹੋ, "ਬਹੁਤ ਵਧੀਆ ਲਾਲ ਪੱਤਾ ਹੈ।"
- ਬੱਚਾ ਕਹਿੰਦਾ ਹੈ, "ਪੱਤਾ" ਅਤੇ ਇੱਕ ਹੋਰ ਨੂੰ ਚੁੱਕ ਲੈਂਦਾ ਹੈ।
- ਤੁਸੀਂ ਕਹਿੰਦੇ ਹੋ, "ਵਾਹ, ਹੁਣ ਤੁਹਾਡੇ ਕੋਲ ਦੋ ਹਨ।" ਤੁਸੀਂ ਹਰੇਕ ਪੱਤੇ ਵੱਲ ਇਸ਼ਾਰਾ ਕਰਦੇ ਹੋ ਅਤੇ ਗਿਣਦੇ ਹੋ। "ਇਕ। ਦੋ ।ਦੋ ਪੱਤੇ !"

### ਗੀਤ ਅਤੇ ਨਰਸਰੀ ਕਵਿਤਾਵਾਂ ਗਾਓ

**ਕਿਉਂ?** ਗੀਤ ਅਤੇ ਨਰਸਰੀ ਕਵਿਤਾਵਾਂ ਆਮ ਤੌਰ 'ਤੇ ਹੌਲੀ ਹੁੰਦੀਆਂ ਹਨ, ਅਤੇ ਉਹੀ ਸ਼ਬਦ ਅਤੇ ਲੈਅ ਦੁਹਰਾਉਂਦੀਆਂ ਹਨ। ਇਹ ਛੋਟੇ ਬਾਲਾਂ ਅਤੇ ਬੱਚਿਆਂ ਨੂੰ ਉਹਨਾਂ ਵੱਲੋਂ ਸੁਣੀਆਂ ਜਾਂਦੀਆਂ ਧੁਨੀਆਂ ਅਤੇ ਸ਼ਬਦਾਂ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।

**ਇਸਨੂੰ ਅਜ਼ਮਾਓ:** ਆਪਣੇ ਬੱਚੇ ਨੂੰ ਉਹੀ ਗੀਤ ਗਾਉਂਦੇ ਰਹੋ। ਦੇਖੋ ਕਿ ਕੀ ਉਹ ਕੁਝ ਸ਼ਬਦਾਂ ਨੂੰ ਭਰ ਸਕਦੇ ਹਨ।
**ਉਦਾਹਰਨ ਦੇ ਤੌਰ 'ਤੇ:** ਗਾਓ, "ਟਵਿੰਕਲ, ਟਵਿੰਕਲ ਲਿਟਲ ਸਟਾਰ" ਭਾਵੇਂ ਉਹ ਹੱਸਦੇ ਹਨ, ਆਵਾਜ਼ ਕੱਢਦੇ ਹਨ, ਜਾਂ ਸ਼ਬਦ ਦਾ ਹਿੱਸਾ ਕਹਿੰਦੇ ਹਨ, ਇਹ ਦਿਖਾਉਂਦਾ ਹੈ ਕਿ ਉਹ ਸਿੱਖ ਰਹੇ ਹਨ!

### ਆਪਣੇ ਛੋਟੇ ਬੱਚੇ ਦੇ ਨਾਲ ਇੱਕ ਕਿਤਾਬ ਦਾ ਆਨੰਦ ਲਓ

**ਕਿਉਂ?** ਇੱਕ ਦਿਨ ਵਿੱਚ ਤਸਵੀਰਾਂ ਵਾਲੀ ਇੱਕ ਕਿਤਾਬ ਪੜ੍ਹਨ ਨਾਲ ਤੁਹਾਡੇ ਬੱਚੇ ਨੂੰ ਹਰ ਸਾਲ ਲਗਭਗ 78,000 ਸ਼ਬਦ ਸੁਣਨ ਵਿੱਚ ਮਦਦ ਮਿਲ ਸਕਦੀ ਹੈ। ਇਹ ਬਹੁਤ ਸਾਰੇ ਸ਼ਬਦ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਸ਼ਬਦ ਤੁਹਾਡੇ ਛੋਟੇ ਬੱਚੇ ਲਈ ਨਵੇਂ ਹੋ ਸਕਦੇ ਹਨ। ਬਹੁਤ ਸਾਰੇ ਸ਼ਬਦ ਸੁਣਨ ਨਾਲ ਬੱਚੇ ਨੂੰ ਭਾਸ਼ਾ ਬੋਲਣਾ ਅਤੇ ਸਮਝਣਾ ਸਿੱਖਣ ਵਿੱਚ ਮਦਦ ਮਿਲਦੀ ਹੈ। ਬਾਅਦ ਵਿੱਚ, ਇਹ ਉਹਨਾਂ ਨੂੰ ਆਪਣੇ ਆਪ ਪੜ੍ਹਨ ਵਿੱਚ ਮਦਦ ਕਰਦਾ ਹੈ।

**ਇਸਨੂੰ ਅਜ਼ਮਾਓ:** ਕਿਸੇ ਕਿਤਾਬ ਦਾ ਆਨੰਦ ਲੈਣਾ ਸਿਰਫ਼ ਪੜ੍ਹਨ ਬਾਰੇ ਨਹੀਂ ਹੈ!
- ਆਪਣੇ ਬੱਚੇ ਨੂੰ ਕਿਤਾਬ ਨੂੰ ਪਕੜਨ ਦਿਓ ਜਾਂ ਇੱਥੋਂ ਤੱਕ ਕਿ ਇਸਨੂੰ ਆਪਣੇ ਮੂੰਹ ਵਿੱਚ ਵੀ ਪਾਉਣ ਦਿਓ।
- ਤਸਵੀਰਾਂ ਵੱਲ ਇਸ਼ਾਰਾ ਕਰੋ ਅਤੇ ਉਨ੍ਹਾਂ ਬਾਰੇ ਗੱਲ ਕਰੋ।

**ਸਵਾਲ ਪੁੱਛੋ ਜਿਵੇਂ ਕਿ:**
- "ਕੀ ਤੁਸੀਂ ਪੰਨਾ ਬਦਲ ਸਕਦੇ ਹੋ?"
- "ਮੈਨੂੰ ਲਾਲ ਸਲਾਈਡ ਦਿਖਾਓ।"
- "ਤੁਸੀਂ ਕੀ ਕਰੋਗੇ ਜੇ ਤੁਸੀਂ ਪਾਰਕ ਵਿਚ ਜਾਓ ਅਤੇ ਮੀਂਹ ਪੈਣਾ ਸ਼ੁਰੂ ਹੋ ਜਾਵੇ, ਜਿਵੇਂ ਕਿ ਕਿਤਾਬ ਵਿੱਚ ਹੈ?
- "ਕਹਾਣੀ ਵਿਚ ਬੱਚਾ ਹੈਰਾਨ ਕਿਉਂ ਹੋਇਆ?

### ਅੱਖਰਾਂ ਬਾਰੇ ਗੱਲ ਕਰੋ (ਇੱਕ ਵਾਰ ਜਦ ਤੁਹਾਡਾ ਬੱਚਾ ਚਾਰ ਸਾਲਾਂ ਦਾ ਹੋ ਜਾਂਦਾ ਹੈ)

**ਕਿਉਂ?** ਚਾਰ ਸਾਲ ਦੀ ਉਮਰ ਦੇ ਆਸ-ਪਾਸ, ਬੱਚੇ ਇਹ ਸਿੱਖਣਾ ਸ਼ੁਰੂ ਕਰ ਦਿੰਦੇ ਹਨ ਕਿ ਵਰਣਮਾਲਾ ਦੇ ਅੱਖਰ ਤਸਵੀਰਾਂ ਤੋਂ ਵੱਖਰੇ ਦਿਖਾਈ ਦਿੰਦੇ ਹਨ, ਅਤੇ ਇਹ ਕਿ ਉਹ ਕੁਝ ਖਾਸ ਆਵਾਜ਼ਾਂ ਕੱਢਦੇ ਹਨ। ਇਹ ਬੱਚੇ ਨੂੰ ਪੜ੍ਹਨਾ ਸਿੱਖਣ ਲਈ ਤਿਆਰ ਹੋਣ ਵਿੱਚ ਮਦਦ ਕਰਦਾ ਹੈ।

**ਇਸਨੂੰ ਅਜ਼ਮਾਓ:** ਅੱਖਰਾਂ ਅਤੇ ਉਹਨਾਂ ਵੱਲੋਂ ਕੱਢੀਆਂ ਜਾਂਦੀਆਂ ਧੁਨੀਆਂ ਵੱਲ ਇਸ਼ਾਰਾ ਕਰੋ ਅਤੇ ਨਾਮ ਦਿਓ। ਤੁਸੀਂ ਕਿਤਾਬਾਂ, ਫਲਾਇਰ, ਬਕਸਿਆਂ ਜਾਂ ਚਿੰਨ੍ਹਾਂ ਨੂੰ ਦੇਖਦੇ ਸਮੇਂ ਅਜਿਹਾ ਕਰ ਸਕਦੇ ਹੋ।


**ਉਦਾਹਰਨ ਦੇ ਤੌਰ 'ਤੇ:** "ਇਹ ਇੱਕ M ਹੈ। ਇਹ ਕਹਿੰਦਾ ਹੈ mmmmmm, mmmmmuffin ਵਾਂਗ!"

ਵਧੇਰੇ ਨੁਕਤਿਆਂ ਵਾਸਤੇ ਕਿਰਪਾ ਕਰਕੇ www.childrensliteracy.ca 'ਤੇ ਜਾਓ!

Canadian Children's Literacy Foundation
Fondation pour l'alphabétisation des enfants canadiens

### ਉਹ ਸਵਾਲ ਜੋ ਤੁਸੀਂ ਪੁੱਛ ਸਕਦੇ ਹੋ:

# ਘਰ ਵਿੱਚ ਭਾਸ਼ਾ ਅਤੇ ਪੜ੍ਹਨ ਦੇ ਹੁਨਰ ਨੂੰ ਕਿਵੇਂ ਬਣਾਇਆ ਜਾਵੇ

| ਸਵਾਲ | ਜਵਾਬ |
| --- | --- |
| ਪੜ੍ਹਨ ਲਈ ਮੇਰੇ ਬੱਚੇ ਦੀ ਭਾਸ਼ਾ ਦੇ ਹੁਨਰ ਮਹੱਤਵਪੂਰਨ ਕਿਉਂ ਹਨ? | ਭਾਸ਼ਾ ਦੇ ਹੁਨਰ ਨੂੰ ਬਣਾਉਣਾ ਬੱਚੇ ਨੂੰ ਆਵਾਜ਼ਾਂ ਅਤੇ ਸ਼ਬਦਾਂ ਬਾਰੇ, ਅਤੇ ਉਹ ਵਾਕ ਬਣਾਉਣ ਲਈ ਕਿਵੇਂ ਇਕੱਠੇ ਹੁੰਦੇ ਹਨ, ਬਾਰੇ ਸਿਖਾਉਂਦਾ ਹੈ। ਇਹ ਬੱਚੇ ਨੂੰ ਨਾ ਕੇਵਲ ਇਹ ਸਿੱਖਣ ਵਿੱਚ ਮਦਦ ਕਰਦਾ ਹੈ ਕਿ ਕਿਸੇ ਪੰਨੇ 'ਤੇ ਸ਼ਬਦਾਂ ਨੂੰ ਕਿਵੇਂ ਪੜ੍ਹਨਾ ਹੈ, ਸਗੋਂ ਇਹ ਸਮਝਣ ਵਿੱਚ ਵੀ ਮਦਦ ਕਰਦਾ ਹੈ ਕਿ ਉਹ ਕੀ ਪੜ੍ਹਦੇ ਹਨ।  |
| ਸਭ ਤੋਂ ਵਧੀਆ ਤਰੀਕਾ ਕੀ ਹੈ ਜਿਸ ਨਾਲ ਮੈਂ ਆਪਣੇ ਬੱਚੇ ਨੂੰ ਪੜ੍ਹਨਾ ਸਿੱਖਣ ਲਈ ਤਿਆਰ ਕਰ ਸਕਦਾ/ਦੀ ਹਾਂ? | ਆਪਣੇ ਬੱਚੇ ਨਾਲ ਗੱਲ ਕਰੋ, ਗਾਓ ਅਤੇ ਪੜ੍ਹਕੇ ਸੁਣਾਓ! ਖੋਜ ਦਿਖਾਉਂਦੀ ਹੈ ਕਿ ਜਿਹੜੇ ਬੱਚੇ ਬਹੁਤ ਸਾਰੇ ਸ਼ਬਦਾਂ ਦੇ ਆਸ-ਪਾਸ ਹੁੰਦੇ ਹਨ, ਉਹ ਮਹੱਤਵਪੂਰਨ ਹੁਨਰ ਸਿੱਖਦੇ ਹਨ ਜੋ ਉਹਨਾਂ ਨੂੰ ਸਕੂਲ ਵਿੱਚ ਪੜ੍ਹਨ ਲਈ ਤਿਆਰ ਕਰਨ ਵਿੱਚ ਮਦਦ ਕਰਦੇ ਹਨ।  |
| ਜਦ ਮੈਂ ਬਹੁਤ ਜ਼ਿਆਦਾ ਰੁੱਝਿਆ ਹੋਇਆ ਹੁੰਦਾ/ਦੀ ਹਾਂ ਤਾਂ ਮੈਂ ਆਪਣੇ ਬੱਚੇ ਦੀ ਭਾਸ਼ਾ ਅਤੇ ਪੜ੍ਹਨ ਦੇ ਹੁਨਰਾਂ 'ਤੇ ਕਿਵੇਂ ਕੰਮ ਕਰਾਂ? | ਤੁਹਾਡੇ ਦਿਨ ਵਿੱਚ ਵਾਧੂ ਸਮਾਂ ਲੱਭਣਾ ਮੁਸ਼ਕਿਲ ਹੁੰਦਾ ਹੈ। ਕੁਝ ਮਦਦਗਾਰੀ ਚੀਜ਼ਾਂ ਹਨ ਜੋ ਤੁਸੀਂ ਬਕਾਇਦਾ ਰੋਜ਼ਾਨਾ ਕਿਰਿਆਵਾਂ ਦੌਰਾਨ ਕਰ ਸਕਦੇ ਹੋ। <br><br>**ਉਦਾਹਰਨ ਦੇ ਤੌਰ 'ਤੇ:**<br>ਆਪਣੇ ਬੱਚੇ ਨੂੰ ਦੱਸੋ ਕਿ ਤੁਸੀਂ ਕੀ ਕਰ ਰਹੇ ਹੋ ਜਦੋਂ ਤੁਸੀਂ ਉਸਨੂੰ ਕੱਪੜੇ ਪਵਾ ਰਹੇ ਹੋ: "ਪਹਿਲਾਂ ਅਸੀਂ ਤੁਹਾਡਾ ਡਾਇਪਰ ਪਾਵਾਂਗੇ। ਚਲੋ ਹੁਣ ਆਪਣੀਆਂ ਬਾਹਾਂ ਨੂੰ ਆਪਣੀਆਂ ਸਲੀਵਜ਼ ਵਿੱਚ ਪਾਓ। "<br>ਜਦ ਤੁਸੀਂ ਪੈਦਲ ਚੱਲ ਰਹੇ ਹੋਵੋਂ ਜਾਂ ਬੱਸ ਵਿੱਚ ਚੜ੍ਹਦੇ ਹੋ ਤਾਂ ਚਿੰਨ੍ਹਾਂ ਅਤੇ ਹੋਰ ਚੀਜ਼ਾਂ ਬਾਰੇ ਗੱਲ ਕਰੋ ਜਿੰਨ੍ਹਾਂ ਨੂੰ ਤੁਸੀਂ ਦੇਖਦੇ ਹੋ। "ਸਟੌਪ ਸਾਈਨ ਵੱਲ ਦੇਖੋ। ਇਹ ਲਾਲ ਹੈ। ਅੱਖਰ ਚਿੱਟੇ ਹਨ।" <br><br>ਜਦੋਂ ਤੁਸੀਂ ਆਪਣੇ ਬੱਚੇ ਨੂੰ ਨਹਾਉਂਦੇ ਹੋ, ਗਾਣੇ ਗਾਓ ਅਤੇ ਖੇਡਾਂ ਖੇਡੋ ਜੋ ਸਰੀਰ ਦੇ ਅੰਗਾਂ ਬਾਰੇ ਗੱਲ ਕਰਦੀਆਂ ਹਨ। "ਇਹ ਮੇਰੀ ਨੱਕ ਹੈ। ਕੀ ਤੂੰ ਮੈਨੂੰ ਆਪਣਾ ਨੱਕ ਵਿਖਾ ਸਕਦਾ ਏਂ?"  |
| ਮੇਰੇ ਬੱਚੇ ਨੂੰ ਉਹਨਾਂ ਦੇ ਸਾਰੇ ਅੱਖਰਾਂ ਬਾਰੇ ਪਤਾ ਨਹੀਂ ਹੈ। ਕੀ ਉਹਨਾਂ ਨੂੰ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਨੂੰ ਜਾਣਨਾ ਚਾਹੀਦਾ ਹੈ? | ਨਹੀਂ। ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਆਪਣੇ ਜੀਵਨ ਦੇ ਪਹਿਲੇ ਸਾਲਾਂ ਦੌਰਾਨ ਭਾਸ਼ਾ ਦੇ ਹੁਨਰ ਸਿੱਖ ਰਿਹਾ ਹੈ। ਖੋਜ ਦਰਸਾਉਂਦੀ ਹੈ ਕਿ ਸਕੂਲ ਸ਼ੁਰੂ ਕਰਨ ਵਾਲੇ ਬੱਚੇ ਅੱਖਰਾਂ ਅਤੇ ਆਵਾਜ਼ਾਂ ਬਾਰੇ ਬਹੁਤ ਘੱਟ ਜਾਣਦੇ ਹਨ, ਫਿਰ ਵੀ ਚੰਗੀ ਤਰ੍ਹਾਂ ਪੜ੍ਹਨਾ ਸਿੱਖ ਸਕਦੇ ਹਨ। ਉਹਨਾਂ ਦੇ ਸ਼ਬਦਾਵਲੀ ਦੇ ਹੁਨਰਾਂ ਨੂੰ ਵਿਕਸਤ ਕਰੋ ਅਤੇ ਇਹ ਸੁਨਿਸ਼ਚਿਤ ਕਰੋ ਕਿ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਉਹ ਘਰ ਵਿੱਚ ਚੰਗੀ ਤਰ੍ਹਾਂ ਗੱਲਬਾਤ ਕਰਦੇ ਹਨ।  |

ਸ਼ੁਰੂਆਤੀ ਸਾਖਰਤਾ ਅਤੇ ਭਾਸ਼ਾ ਦੇ ਵਿਕਾਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.childrensliteracy.ca 'ਤੇ ਕੈਨੇਡੀਅਨ ਚਿਲਡਰਨ ਲਿਟਰੇਸੀ ਫਾਉਂਡੇਸ਼ਨ 'ਤੇ ਜਾਓ।

Canadian Children's Literacy Foundation
Fondation pour l'alphabétisation des enfants canadiens